# ਨੋਟਿਸ

ਵਿਸ਼ਾ: ਨਾਗਰਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਉਡਾਏ ਜਾਣ ਵਾਲੇ ਡੋਲੇ ਨੂੰ ਵੇਚਣ , ਸਟੋਰ ਕਰਨ ਅਤੇ ਅਸਮਾਨ ਵਿਚ ਉਡਾਉਣ ਲਈ ਪੂਰਨ-ਰੂਪ ਵਿਚ ਪਾਬੰਦੀ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਦਾ ਹੈ ਕਿ ''ਸਹਿਰ ਲੁਧਿਆਣਾ ਇੱਕ ਸੰਘਣੀ ਅਬਾਦੀ ਵਾਲਾ ਉਦਯੋਗਿਕ ਸ਼ਹਿਰ ਹੈ, ਹੋਜਰੀ , ਕਪੜਾ, ਲੱਕੜ, ਅਤੇ ਹੋਰ ਕਈ ਤਰ੍ਹਾਂ ਦੇ ਉਦਯੋਗ ਸ਼ਹਿਰ ਦੀ ਸੁੰਦਰਤਾ ਹਨ। ਸਰਦੀ ਤੋਂ ਪਹਿਲਾ ਤਿਆਰ ਪ੍ਰੋਡਕਟ, ਅਤੇ ਰਾਅ ਮੈਟੀਰੀਅਲ ਨੂੰ ਸਟਾਕ ਕਰਨਾ, ਤਿਆਰ ਮਾਲ ਨੂੰ ਸਟੋਰ ਕਰਨਾ ਉਦਯੋਗਿਕ ਅਦਾਰਿਆ ਦੀ ਮਜਬੂਰੀ ਹੈ, ਇਹ ਸਭ ਉਦਯੋਗਪਤੀ ਆਪਣੇ ਵਸੀਲਿਆਂ ਅਤੇ ਹਿੰਮਤ ਨਾਲ ਇਹ ਸਭ ਕਰਦੇ ਹਨ। ਹਰ ਸਾਲ ਦੀਵਾਲੀ ਦੇ ਦਿਨਾਂ ਵਿੱਚ ਅੱਗ ਲੱਗਣ ਨਾਲ ਮਾਲੀ ਅਤੇ ਜਾਨੀ ਨੁਕਸਾਨ ਵੀ ਹੋ ਰਿਹਾ ਹੈ ਜਿਸ ਵਿਚ ਪਟਾਕੇ, ਅਤੇ ਅਸਮਾਨੀ ਪਟਾਕੇ ਆਦਿ ਹੀ ਕਾਰਨ ਬਣਦੇ ਹਨ, ਪਿੱਛਲੇ 3 ਕੁ ਸਾਲ ਤੋ ਇੱਕ ਕਪੜੇ ਜਾਂ ਕਾਗਜ ਦੀ ਲੱਗ-ਭੱਗ 2 ਫੁੱਟ ਦਾ ਗੋਲ ਅਕਾਰ ਦਾ ਗੁਬਾਰਾ ਜਿਸ ਦੇ ਥੱਲੇ ਅੱਗ ਲਗਾ ਦੇ ਅਸਮਾਨ ਵਿੱਚ ਛੱਡਿਆ ਜਾਂ ਰਿਹਾ ਹੈ, ਜਿਸ ਨੂੰ ਲੋਕਲ ਭਾਸ਼ਾ ਵਿੱਚ (ਡੋਲਾ ) ਕਿਹਾ ਜਾਂਦਾ ਹੈ ਦਾ ਬਹੁਤ ਹੀ ਜਿਆਦਾ ਚੱਲਣ ਹੈ, ਇਹ ਕਿਸੇ ਵੀ ਗੋਦਾਮ ਜਾਂ ਅਦਾਰੇ ਤੇ ਗਿਰ ਜਾਂਦਾ ਹੈ ਜਿਸ ਕਾਰਣ ਸ਼ਹਿਰ ਪਿਛਲੇ ਸਮੇ ਵਿਚ ਬਹੁਤ ਜਗ੍ਹਾ ਅੱਗ ਲੱਗਦੀ ਰਹੀ ਹੈ।ਇਸ ਤਰ੍ਹਾ ਦੇ ਅੱਗ ਲਗਾ ਦੇ ਉਡਾਏ ਜਾਣ ਵਾਲੇ ਗੁਬਾਰੇ ਅਤੇ ਇਸ ਤਰ੍ਹਾਂ ਦੀ ਕਿਸੇ ਵੀ ਗਤੀ ਵਿੱਧੀ ਤੇ ਨਾਗਰਿਕ ਹਿੱਤ ਨੂੰ ਮੁੱਖ ਰੱਖ ਦੇ ਵੇਚਣ, ਸਟੋਰ ਕਰਨ ਅਤੇ ਇਸਤੇਮਾਲ ਕਰਨ ਅਸਮਾਨ ਵਿਚ ਉਡਾਉਣ ਲਈ ਪੂਰਨ ਰੂਪ ਵਿੱਚ ਪਾਬੰਦੀ ਦੀ ਬਹੁਤ ਸਖਤ ਲੋੜ ਹੈ।ਲੁਧਿਆਣਾ ਸ਼ਹਿਰ ਦੇ ਬਹੁਤ ਸਾਰੇ ਨਾਗਰਿਕਾਂ ਦੀ ਮੰਗ ਹੈ ਕਿ ਅਗਰ ਪ੍ਰਸ਼ਾਸ਼ਣ ਇਸ ਦੇ ਰੋਕ ਲਗਾ ਦੇਵੇ ਤਾਂ ਬਹੁਤ ਹੱਦ ਤੱਕ ਇਸ ਤਰਾਂ ਦੀ ਪਾਬੰਦੀ ਨਾਲ ਸ਼ਹਿਰ ਵਿੱਚ ਅੱਗਜਨੀ ਦੇ ਨਾਲ ਹੋਣ ਵਾਲੇ ਮਾਲੀ ਨੁਕਸਾਨ ਅਤੇ ਜਾਨੀ ਨੁਕਸਾਨ ਤੋ ਬੱਚ ਸਕਦਾ ਹੈ।''

ਉਕਤ ਨੂੰ ਮੱਦੇ ਨਜਰ ਰੱਖਦੇ ਗੁਬਾਰਾ (ਡੋਲਾ) ਤੇ ਪੂਰਨ ਤੋਰ ਤੇ ਪਬੰਦੀ ਲਗਾਉਣੀ ਉਚਿਤ ਹੋਵੇਗੀ, ਜੇਕਰ ਇਸ ਸਬੰਧੀ ਕਿਸੇ ਨਾਗਿਰਕ ਜਾਂ ਸ਼ਹਿਰ ਵਾਸੀ ਨੂੰ ਕੋਈ ਇਤਰਾਰਜ ਹੋਵੇ ਤਾਂ ਦੋ ਦਿਨਾ ਦੇ ਅੰਦਰ-ਅੰਦਰ (ਮਿਤੀ 30.10.2015) ਤੱਕ ਆਪਣਾ ਇਤਰਾਜ ਫੁਟਕਲ ਸ਼ਾਖਾ ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ ਭੇਜ ਸਕਦੇ ਹੋ

ਸਹੀ/-
ਵਾ.ਡਿਪਟੀ ਕਮਿਸ਼ਨਰ
ਲੁਧਿਆਣਾ